**CLASS-XII**

# ਜਮਾਤ-ਬਾਰ੍ਹਵੀਂ

# ਪੰਜਾਬੀ ਲਾਜ਼ਮੀ

ਸਮਾਂ: 3 ਘੰਟੇ

ਲਿਖਤੀ= 80 ਅੰਕ
ਆਂਤਰਿਕ ਮੁਲਾਂਕਣ= 20 ਅੰਕ
ਕੁੱਲ ਅੰਕ= 100 ਅੰਕ

## ਪਾਠ-ਕ੍ਰਮ ਅਤੇ ਅੰਕ-ਵੰਡ

| ਲੜੀ ਨੰ. | ਪਾਠ-ਕ੍ਰਮ | ਅੰਕ |
|---|---|---|
| 1. | ਸੁੰਦਰ ਲਿਖਾਈ | 05 |
| 2. | ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ | 26 |
| 3. | ਪੰਜਾਬੀ ਭਾਸ਼ਾ ਲਿਖਣ ਦਾ ਹੁਨਰ:ਕਾਰ-ਵਿਹਾਰ ਦੇ ਪੱਤਰ,ਸੰਖੇਪ ਰਚਨਾ | 12 |
| 4. | ਵਿਆਕਰਨ:ਅਖਾਉਤਾਂ,ਸ਼ਬਦ-ਕੋਸ਼,ਤਰਤੀਬ,ਵਾਕ-ਵਟਾਂਦਰਾ | 24 |
| 5. | ਪੰਜਾਬੀ ਸਾਹਿਤ:ਕਵਿਤਾਵਾਂ ਅਤੇ ਕਹਾਣੀਆਂ | 13 |
| | ਕੁੱਲ ਅੰਕ | 80 |

## ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਸਮਾਂ: 3 ਘੰਟੇ ਕੁੱਲ ਅੰਕ (ਲਿਖਤੀ)=80

ਨੋਟ:

(1) 05 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ।ਇਹ ਅੰਕ ਇਸ ਪ੍ਰਸ਼ਨ-ਪੱਤਰ ਦੇ ਕੁੱਲ ਅੰਕਾਂ-80 ਵਿੱਚ ਹੀ ਰਾਖਵੇਂ ਹਨ।ਸੁੰਦਰ ਲਿਖਾਈ ਵਿੱਚ ਅੱਖਰਾਂ ਤੇ ਸ਼ਬਦਾਂ ਦਾ ਸਹੀ ਆਕਾਰ, ਸਪਸ਼ਟਤਾ, ਨਿਸ਼ਚਿਤ ਦੂਰੀ,ਲਿਖਣ 'ਚ ਇਕਸਾਰਤਾ,ਪ੍ਰਵਾਹਯੁਕਤ ਲੇਖਨ , ਸ਼ਬਦ-ਜੋੜ ਸ਼ੁੱਧਤਾ,ਸੁੰਦਰ ਸ਼ਬਦ-ਬਣਤਰ,ਵਿਸਰਾਮ-ਚਿੰਨ੍ਹਾਂ ਦੀ ਸਹੀ ਵਰਤੋਂ ਅਤੇ ਲਿਖਾਈ ਦੇ ਸਮੁੱਚੇ ਖ਼ੂਬਸੂਰਤ ਪ੍ਰਭਾਵ ਦੇ ਆਧਾਰ 'ਤੇ ਪਰੀਖਿਅਕ ਸੰਬੰਧਿਤ ਪਰੀਖਿਆਰਥੀ ਦੀ ਲਿਖਾਈ ਦਾ ਮੁਲਾਂਕਣ ਕਰੇਗਾ।

(2) ਪ੍ਰਸ਼ਨ-ਪੱਤਰ ਦੇ ਕੁੱਲ 09 ਪ੍ਰਸ਼ਨ ਹੋਣਗੇ।

(3) ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।

## ਵਿਸ਼ੇਸ਼ ਹਿਦਾਇਤਾਂ

ਪਰੀਖਿਆ ਪੱਖੋਂ ਅਧਿਆਪਕਾਂ,ਵਿਦਿਆਰਥੀਆਂ,ਪੇਪਰ-ਸੈਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਿਦਾਇਤਾਂ

**ਪ੍ਰਸ਼ਨ ਨੰ: 1** ਸਮੁੱਚੇ ਪਾਠ-ਕ੍ਰਮ ਦੇ ਆਧਾਰ 'ਤੇ ਸੰਖੇਪ ਉੱਤਰਾਂ ਵਾਲੇ ਦਸ ਪ੍ਰਸ਼ਨ ਪੁੱਛੇ ਜਾਣਗੇ।ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ।ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ:

(ੳ) **ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ:-** ਲੇਖਕ ਦੀ ਰਚਨਾ/ਰਚਨਾ ਦਾ ਲੇਖਕ,ਗ਼ਲਤ/ਠੀਕ, ਬਹੁਚੋਣ,ਖ਼ਾਲੀ ਥਾਂਵਾਂ,ਇੱਕ-ਦੋ ਸ਼ਬਦਾਂ ਦੇ ਉੱਤਰ ਵਾਲੇ 6 ਪ੍ਰਸ਼ਨ ਪੁੱਛੇ ਜਾਣਗੇ। 6 ਅੰਕ

(ਅ) **ਕਵਿਤਾਵਾਂ:-** ਕਵਿਤਾ ਦਾ ਕਵੀ/ਕਵੀ ਦੀ ਰਚਨਾ 1 ਅੰਕ

(ੲ) **ਕਹਾਣੀਆਂ:-** ਪਾਤਰਾਂ ਬਾਰੇ 1 ਅੰਕ

(ਸ) **ਅਖਾਉਤਾਂ:-** 2 ਅਧੂਰੀਆਂ ਅਖਾਉਤਾਂ ਪੂਰੀਆਂ ਕਰਨੀਆਂ 1+1= 2 ਅੰਕ

**6+1+1+2= 10 ਅੰਕ**

**ਪ੍ਰਸ਼ਨ ਨੰ: 2 ਲਾਜ਼ਮੀ ਪੰਜਾਬੀ-12** ਦੇ ਸੱਭਿਆਚਾਰ-ਭਾਗ ਦੇ ਪਾਠਾਂ ਦੇ ਅਭਿਆਸਾਂ ਵਿੱਚੋਂ 8 ਪ੍ਰਸ਼ਨ ਪੁੱਛ ਕੇ ਕਿਸੇ 5 ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 4*5=20 ਅੰਕ

**ਪ੍ਰਸ਼ਨ ਨੰ:3** ਕਾਰ-ਵਿਹਾਰ ਦੇ ਪੱਤਰ ਲਈ ਦੋ ਵਿਸ਼ੇ ਦੇ ਕੇ ਕਿਸੇ ਇੱਕ ਬਾਰੇ ਪੱਤਰ ਲਿਖਣ ਲਈ ਕਿਹਾ ਜਾਵੇਗਾ। 2+4+1= 7 ਅੰਕ

Scanned by CamScanner

**ਪ੍ਰਸ਼ਨ ਨੰ:4** ਸੰਖੇਪ ਰਚਨਾ ਕਰਨ ਲਈ ਪਾਠ-ਪੁਸਤਕ ਵਿੱਚੋਂ ਇੱਕ ਪੈਰਾ ਦਿੱਤਾ ਜਾਵੇਗਾ।ਲਗ-ਪਗ ਇੱਕ-ਤਿਹਾਈ ਸ਼ਬਦਾਂ ਵਿੱਚ ਸੰਖੇਪ ਰਚਨਾ ਕਰਨੀ ਹੋਵੇਗੀ।ਇਸ ਦਾ ਸਿਰਲੇਖ ਲਿਖਣਾ ਵੀ ਲਾਜ਼ਮੀ ਹੋਵੇਗਾ।ਸਿਰਲੇਖ ਦਾ 1 ਅੰਕ ਅਤੇ ਸੰਖੇਪ ਰਚਨਾ ਦੇ 4 ਅੰਕ ਹੋਣਗੇ। 1+4=5 ਅੰਕ

**ਪ੍ਰਸ਼ਨ ਨੰ:5** ਪਾਠ-ਪੁਸਤਕ ਅਤੇ ਪਾਠ-ਅਭਿਆਸਾਂ ਵਿੱਚੋ ਦੋ ਪ੍ਰਸ਼ਨ ਦੇ ਕੇ ਕਿਸੇ ਇੱਕ ਨੂੰ ਕੋਸ਼-ਤਰਤੀਬ ਅਨੁਸਾਰ ਲਿਖਣ ਲਈ ਕਿਹਾ ਜਾਵੇਗਾ। 1*6= 6 ਅੰਕ

**ਪ੍ਰਸ਼ਨ ਨੰ:6** ਪਾਠ-ਪੁਸਤਕ ਅਤੇ ਪਾਠ-ਅਭਿਆਸਾਂ ਵਿੱਚੋ 8 ਵਾਕ ਦੇ ਕੇ ਕੋਈ 6 ਦਾ ਵਾਕ-ਰੂਪਾਂਤਰਨ ਕਰਨ ਲਈ ਕਿਹਾ ਜਾਵੇਗਾ। 1*6= 6 ਅੰਕ

**ਪ੍ਰਸ਼ਨ ਨੰ:7** ਪਾਠ-ਪੁਸਤਕ ਵਿੱਚੋਂ ਕੋਈ 8 ਅਖਾਉਤਾਂ ਦੇ ਕੇ 5 ਨੂੰ ਵਾਕਾਂ ਵਿੱਚ ਵਰਤਣ ਜਾਂ ਉਹਨਾਂ ਦੀਆਂ ਵਰਤੋਂ ਦੀਆਂ ਸਥਿਤੀਆਂ ਦੱਸਣ ਲਈ ਕਿਹਾ ਜਾਵੇਗਾ। 2*5= 10 ਅੰਕ

**ਪ੍ਰਸ਼ਨ ਨੰ:8** ਪਾਠ-ਪੁਸਤਕ ਵਿੱਚੋਂ 3 ਕਵਿਤਾਵਾਂ ਦੇ ਕੇ ਕਿਸੇ ਇੱਕ ਦਾ ਕੇਂਦਰੀ ਭਾਵ ਲਿਖਣ ਲਈ ਕਿਹਾ ਜਾਵੇਗਾ। 4 ਅੰਕ

**ਪ੍ਰਸ਼ਨ ਨੰ:9** ਪਾਠ-ਪੁਸਤਕ ਵਿੱਚੋਂ 2 ਕਹਾਣੀਆਂ ਦੇ ਕੇ ਕਿਸੇ 1 ਦਾ ਆਪਣੇ ਸ਼ਬਦਾਂ ਵਿੱਚ ਸਾਰ ਲਿਖਣ ਲਈ ਕਿਹਾ ਜਾਵੇਗਾ। 7 ਅੰਕ

## ਆਂਤਰਿਕ ਮੁਲਾਂਕਣ: 20 ਅੰਕ

**ਆਂਤਰਿਕ ਮੁਲਾਂਕਣ ਦੀਆਂ ਹਿਦਾਇਤਾਂ ਅਤੇ ਅੰਕ-ਵੰਡ**

| ਲੜੀ ਨੰ. | ਆਂਤਰਿਕ ਮੁਲਾਂਕਣ ਦੀ ਰੂਪ-ਰੇਖਾ | ਅੰਕ |
|---|---|---|
| 1. | **ਪ੍ਰੋਜੈਕਟ:**<br>ਪੰਜਾਬੀ ਸੱਭਿਆਚਾਰ ਵਾਲੇ ਭਾਗ ਦੇ ਲੇਖਾਂ ਦੀ ਵਿਸ਼ਾ-ਸਮਗਰੀ ਨਾਲ ਸੰਬੰਧਿਤ ਹੇਠ ਲਿਖੇ ਪ੍ਰੋਜੈਕਟ ਬਣਾ ਕੇ ਸੰਬੰਧਿਤ ਵਿਸ਼ਾ-ਅਧਿਆਪਕ ਕੋਲ ਮੁਲਾਂਕਣ ਲਈ ਜਮ੍ਹਾਂ ਕਰਵਾਏ ਜਾਣਗੇ:<br>1. 02 ਚਾਰਟ<br>2. 01 ਸਕਰੈਪ ਬੁੱਕ (ਸੰਬੰਧਿਤ ਵਿਸ਼ੇ ਨਾਲ ਸੰਬੰਧਿਤ ਤਸਵੀਰਾਂ ਆਦਿ ਦੀ ਸਮੱਗਰੀ ਵਾਲੀ)<br>3. 01 ਮਾਡਲ ਦਾ ਨਿਰਮਾਣ | **10 ਅੰਕ(2+4+4)**<br><br><br><br>2 ਅੰਕ<br>4 ਅੰਕ<br><br>4 ਅੰਕ |
| 2. | **ਭਾਸ਼ਾਈ ਸਮਰੱਥਾ** (ਸ਼ੁੱਧ ਉਚਾਰਨ/ਬੋਲਣ-ਯੋਗਤਾ):<br>ਵਾਕ-ਵਟਾਂਦਰਾ ਅਤੇ ਸ਼ਬਦ-ਕੋਸ਼ ਤਰਤੀਬ ਵਾਲੇ ਭਾਗ ਨਾਲ ਸੰਬੰਧਿਤ। | 03 ਅੰਕ |
| 3. | **ਭਾਸ਼ਾਈ ਸਮਰੱਥਾ** (ਸਰਵਣ/ਸੁਣਨ-ਯੋਗਤਾ):<br>ਵਾਕ-ਵਟਾਂਦਰਾ ਅਤੇ ਸ਼ਬਦ-ਕੋਸ਼ ਤਰਤੀਬ ਵਾਲੇ ਭਾਗ ਨਾਲ ਸੰਬੰਧਿਤ। | 02 |
| 4. | **ਭਾਸ਼ਾਈ ਸਮਰੱਥਾ** (ਸ਼ੁੱਧ ਪੜ੍ਹਨ-ਯੋਗਤਾ):<br>ਵਾਕ-ਵਟਾਂਦਰਾ ਅਤੇ ਸ਼ਬਦ-ਕੋਸ਼ ਤਰਤੀਬ ਵਾਲੇ ਭਾਗ ਨਾਲ ਸੰਬੰਧਿਤ। | 03 |
| 5. | ਪੁਸਤਕ -**ਬੈਂਕ/ਬੁੱਕ-ਬੈਂਕ:**<br>ਸੰਬੰਧਿਤ ਵਿਸ਼ੇ ਦੀਆਂ ਪੁਸਤਕਾਂ ਦੇ ਬੁੱਕ-ਬੈਂਕ ਵਿੱਚ ਯੋਗਦਾਨ ਪਾਉਣ ਅਤੇ ਉਹਨਾਂ ਦੀ ਸਾਂਭ-ਸੰਭਾਲ ਵਿੱਚ ਕਿਰਿਆਸ਼ੀਲ ਭੂਮਿਕਾ ਨਿਭਾਉਣ ਦੇ ਆਧਾਰ 'ਤੇ ਇਹ ਅੰਕ ਸੰਬੰਧਿਤ ਵਿਸ਼ਾ-ਅਧਿਆਪਕ ਵੱਲੋਂ ਦਿੱਤੇ ਜਾਣਗੇ। | 02 |
| | | |
| | ਕੁੱਲ ਅੰਕ | 20 |

**ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਨਿਰਧਾਰਿਤ ਪਾਠ-ਪੁਸਤਕ: ਲਾਜ਼ਮੀ ਪੰਜਾਬੀ-12**

Scanned by CamScanner